ਦਾ ਟਾਈਮਜ਼ ਆਫ ਪੰਜਾਬ
(ਪੰਜਾਬੀਅਤ ਦਾ ਪਹਿਰੇਦਾਰ)
The Times of Punjab

ਰੋਜ਼ਾਨਾ
ਪੰਜਾਬੀਅਤ ਦਾ ਪਹਿਰੇਦਾਰ
# ਦਾ ਟਾਈਮਜ਼ ਆਫ ਪੰਜਾਬ

ਮੁੱਖ ਸੰਪਾਦਕ ਸਰਬਜੀਤ ਸੋਚ | The Times of Punjab (Daily) | 5 ਕੱਤਕ, ਨਾਨਕਸ਼ਾਹੀ ਸੰਮਤ 543

ਵੀਰਵਾਰ, 21 ਅਕਤੂਬਰ, 2011 | ਵੈਬਸਾਈਟ : www.thetimesofpunjab.com | ਈ-ਮੇਲ: news@thetimesofpunjab.com, reporterbains@thetimesofpunjab.com | ਸਾਲ-2, ਅੰਕ-12

# ਮੈਲਬੌਰਨ 'ਚ ਦੀਵਾਲੀ ਦੇ ਜਸ਼ਨ ਸ਼ੁਰੂ

**ਮੈਲਬੋਰਨ, 20 ਅਕਤੂਬਰ**
**(ਯੁੱਧਵੀਰ ਸਿੰਘ)**

ਮੈਲੀਬਰੇਟ ਇੰਡੀਆ ਮੈਲਬੋਰਨ ਨੇ ਭਾਰਤੀ ਤਿਉਹਾਰ ਦੀਵਾਲੀ ਦੇ ਸਬੰਧ ਵਿਚ ਮੈਲਬੋਰਨ ਦੇ ਵਿਚ ਜਸ਼ਨ ਸ਼ੁਰੂ ਕਰ ਦਿੱਤੇ ਹਨ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਅਰੁਣ ਸ਼ਰਮਾ ਤੇ ਜਯਾ ਸ਼ਰਮਾ ਨੇ ਦੱਸਿਆ ਕਿ ਇਸੇ ਲੜੀ ਵਿਚ ਮਾਈਗ ਫਲੈਗਿਗ ਫਿਲਮਜ਼ ਦੇ ਸਹਿਯੋਗ ਨਾਲ ਫੈਡਰੇਸ਼ਨ ਸਕੁਏਰ ਤੇ ਬਾਲੀਵੁੱਡ ਫਿਲਮ ਫੈਸਟੀਵਲ 17 ਅਕਤੂਬਰ ਤੋਂ 21 ਅਕਤੂਬਰ ਤੱਕ ਚਲ ਰਿਹਾ ਹੈ ਜਿਸ ਵਿਚ ਦੁਪਹਿਰ 12ਵਜੇ ਭਾਰਤੀ ਫਿਲਮ ਮੁੱਫਤ ਵਿਚ ਦਿਖਾਈ ਜਾ ਰਹੀ ਹੈ। ਮੈਲਬੋਰਨ ਦੀ ਟਰੇਨ ਸੰਚਾਲਕ ਕੰਪਨੀ ਮੈਟਰੋ ਤੇ ਸਿਟੀ ਸਕੁਏਰ ਦੇ ਸਹਿਯੋਗ ਨਾਲ ਬੁੱਧਵਾਰ ਨੂੰ 5.30 ਵਜੇ ਫਲਿੰਡਰ ਸਟਰੀਟ ਸਟੇਸ਼ਨ ਅਤੇ 6.30 ਤੇ ਸਵੈਨਸਟਨ ਸਟਰੀਟ ਤੇ ਡਾਂਸ ਤੇ ਭਾਰਤੀ ਗੀਤ ਪੇਸ਼ ਕੀਤੇ ਗਏ। ਮੈਲਬੋਰਨ ਅੰਤਰਾਸ਼ਟਰੀ ਏਅਰਪੋਰਟ ਦੇ ਸਹਿਯੋਗ ਨਾਲ ਰਵਾਨਗੀ ਏਰੀਆ ਦੇ ਵਿਚ 18 ਅਕਤੂਬਰ ਤੋਂ 26 ਅਕਤੂਬਰ ਤੱਕ ਦੀਵਾਲੀ ਮਨਾਈ ਜਾ ਰਹੀ ਹੈ ਇਸ ਵਿਚ ਇਕ ਮੰਡਪ ਲਗਾਇਆ ਗਿਆ ਹੈ ਜਿਸ ਵਿਚ ਹਿੰਦੂ ਦੇਵਤਿਆਂ ਦੀ ਮੂਰਤੀ ਰੱਖੀ ਗਈ ਹੈ। ਏਅਰਪੋਰਟ ਦੇ ਹਰ ਸਪੀਕਰ ਦੇ ਵਿਚ ਹਿੰਦੀ ਤੇ ਅੰਗਰੇਜ਼ੀ ਦੇ ਵਿਚ ਸਭ ਨੂੰ ਦੀਵਾਲੀ ਦੀਆਂ ਮੁਬਾਰਕਾਂ ਵੀ ਨਾਲ ਨਾਲ ਚੱਲ ਰਹੀਆਂ ਹਨ। ਨਾਲ ਹੀ ਵੀਰਵਾਰ ਨੂੰ ਸਵੇਰੇ ਏਅਰਪੋਰਟ ਤੇ ਯੁੱਧਵੀਰ ਸਿੰਘ ਨੇ ਢੋਲ ਤੇ ਜਸਵਿੰਦਰ ਸੋਢੀ ਨੇ ਆਪਣੇ ਚਿਮਟੇ ਦੇ ਨਾਲ ਯਾਤਰੀਆਂ ਨੂੰ ਖੂਬ ਨਚਾਇਆ ਫਿਰ ਨੀਲਧਰਾ ਗਦਾਨੀ ਦੇ ਡਾਂਸ ਗਰੁੱਪ ਨੇ ਕਥਕ ਤੇ ਬਾਲੀਵੁੱਡ ਡਾਂਸ ਦੀ ਪੇਸ਼ ਕੀਤਾ। ਭਾਰਤੀ ਮਿਠਾਈਆਂ ਵੀ ਯਾਤਰੀਆਂ ਨੂੰ ਵੰਡੀਆਂ ਗਈਆਂ। ਮੈਲਬੋਰਨ ਏਅਰਪੋਰਟ ਤੇ ਮੁੱਖ ਮਹਿਮਾਨ ਵਜੋਂ ਡਾ. ਸੁਧਾਕਾਂਤ ਬਹੇਰਾ (ਕੌਂਸਲੇਟ ਜਨਰਲ ਆਫ ਇੰਡੀਆ ਮੈਲਬੋਰਨ) ਸ਼ਾਮਲ ਹੋਏ। ਆਪਣੇ ਭਾਸ਼ਨ ਦੇ ਵਿਚ ਡਾ. ਬਹੇਰਾ ਨੇ ਕਿਹਾ ਕਿ ਇਹ ਇਕ ਵਿਲੱਖਣ ਤਜਰਬਾ ਹੈ ਕਿਸੇ ਬਾਹਰਲੇ ਦੇਸ਼ ਦੇ



ਏਅਰਪੋਰਟ ਤੇ ਦਿਵਾਲੀ ਮਨਾਉਣ ਦਾ। ਉਹਨਾਂ ਨੇ ਸਭ ਨੂੰ ਦੀਵਾਲੀ ਦੀ ਮੁਬਾਰਕਬਾਦ ਵੀ ਦਿੱਤੀ ਤੇ, ਮੈਲਬੋਰਨ ਏਅਰਪੋਰਟ ਦੇ ਬੁਲਾਰੇ ਨੇ ਸਮਾਗਮ ਵਿਚ ਸ਼ਾਮਿਲ ਹੋਣ ਤੇ ਪਰਬੰਧਕਾਂ, ਕਲਾਕਾਰਾਂ ਤੇ ਯਾਤਰੀਆਂ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦਵਾਇਆ ਕਿ ਹਰ ਸਾਲ ਉਹ ਦੀਵਾਲੀ ਦੇ ਜਸ਼ਨ ਇਸੇ ਤਰਾਂ ਹੀ ਮਨਾਉਂਦੇ ਰਹਿਣਗੇ। ਦੀਵਾਲੀ ਦੇ ਸਬੰਧ ਵਿਚ ਮੈਲਬੋਰਨ ਦੇ ਫੈਡਰੇਸ਼ਨ ਸਕੁਏਰ ਤੇ 22 ਅਕਤੂਬਰ ਦਿਨ ਸ਼ਨੀਵਾਰ ਨੂੰ ਇਕ ਬਹੁਤ ਵੱਡਾ ਜਸ਼ਨ ਮਨਾਇਆ ਜਾ ਰਿਹਾ ਹੈ। ਜੋ ਕਿ ਦੁਪਹਿਰ 1 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਚਲੇਗਾ। ਇਸ ਵਿਚ ਭਾਰਤ ਦੇ ਸਭਿਆਚਾਰ ਦੇ ਵੱਖ ਵੱਖ ਰੰਗ ਪੇਸ਼ ਕੀਤੇ ਜਾਣਗੇ ਇਸ ਵਿਚ ਮੈਲਬੋਰਨ ਢੋਲ ਕੁਨੈਕਸ਼ਨ ਵਲੋਂ ਢੋਲ ਫਿਊਜ਼ਨ, ਲੋਕਲ ਕਲਾਕਾਰਾਂ ਵਲੋਂ ਲੋਕ ਗੀਤ ਤੇ ਬਾਲੀਵੁੱਡ ਡਾਂਸ ਵਰਕਸ਼ਾਪ ਅਤੇ ਕਰੀਬ ਤੇ ਚਾਇਨੀਜ਼ ਭਾਈਚਾਰੇ ਵਲੋਂ ਸਪੈਸ਼ਲ ਡਾਂਸ ਪੇਸ਼ ਕੀਤੇ ਜਾ ਰਹੇ ਹਨ। ਏ.ਐਫ.ਐਲ ਦੇ ਕੁਝ ਖਿਡਾਰੀ ਵੀ ਮਹਿਮਾਨਾਂ ਦੇ ਰੂਪ ਵਿਚ ਪਹੁੰਚ ਰਹੇ ਹਨ ਇਸ ਦੇ ਲਈ ਭਾਰਤ ਤੋਂ ਵਿਸ਼ੇਸ਼ ਤੌਰ ਤੇ ਮਧੁਮਿਤਾ ਰਾਏ ਕੱਥਕ ਡਾਂਸ ਕੰਪਨੀ ਦੀ 10 ਮੈਂਬਰਾਂ ਦੀ ਟੀਮ ਵੀ ਇੰਡੀਅਨ ਕੌਂਸਿਲ ਫਾਰ ਕਲਚਰਲ ਰਿਲੇਸ਼ਨ ਦੇ ਸਹਿਯੋਗ ਨਾਲ ਮੈਲਬੋਰਨ ਆ ਰਹੀ ਹੈ ਤੇ, ਅੰਤ ਦੇ ਵਿਚ ਆਤਿਸ਼ਬਾਜੀ ਦਾ ਵੀ ਪਰਬੰਧ ਕੀਤਾ ਗਿਆ ਹੈ, ਇਸ ਜਸ਼ਨ ਦੇ ਲਈ ਸਾਰਿਆ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ ਇਸ ਦੀ ਕੋਈ ਦਾਖਲਾ ਫੀਸ ਨਹੀਂ ਹੈ ਤੇ, ਨਾਲ ਹੀ ਯਾਰਾ ਰਿਵਰ ਦੇ ਪਾਣੀ ਤੇ ਲਾਇਟਾਂ ਨਾਲ ਸਜੀ ਹੋਈ ਕਿਸ਼ਤੀ ਤੇ ਵੀ ਕਲਾਕਾਰ ਆਪਣੇ ਜੌਹਰ ਵਿਖਾਉਣਗੇ ਜੋ ਕਿ ਮੈਲਬੋਰਨ ਸ਼ਹਿਰ ਦੇ ਵਿਚ ਖਿੱਚਦੀ ਰਹੇਗੀ। ਪਰਬੰਧਕਾਂ ਨੇ ਸਭ ਨੂੰ ਇਸ ਜਸ਼ਨ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ ਤਾਂ ਕਿ ਭਾਰਤੀਆਂ ਦੇ ਅਮੀਰ ਤੇ ਵਿਲੱਖਣ ਸਭਿਆਚਾਰ ਨੂੰ ਦੁਨੀਆ ਵਿਚ ਹੋਰ ਵੀ ਉੱਚਾ ਕੀਤਾ ਜਾ ਸਕੇ।